BRAMPTON

Media Release

ਤੁਰੰਤ ਰਿਲੀਜ਼ ਲਈ

# ਸਿਟੀ ਦਾ ਪਰਿਵਰਤਨਕਾਰੀ ਰਿਵਰਵਾਕ ਪ੍ਰੋਜੈਕਟ ਕਾਰਜ ਤੌਰ ਤੇ ਅੱਗੇ ਵਧ ਰਿਹਾ ਹੈ

ਬ੍ਰੈਂਪਟਨ, ਓਨਟੈਰੀਓ (15 ਸਤੰਬਰ, 2020) – ਸਿਟੀ ਆਫ ਬ੍ਰੈਂਪਟਨ, ਆਪਣੇ ਰਿਵਰਵਾਕ (Riverwalk) ਪ੍ਰੋਜੈਕਟ ਨੂੰ ਅਮਲੀ ਰੂਪ ਦੇਣ ਵਿੱਚ, ਇੱਕ ਕਦਮ ਅੱਗੇ ਵਧ ਗਈ ਹੈ। ਇਹ ਇੱਕ ਪਰਿਵਰਤਨਕਾਰੀ ਪਹਿਲਕਦਮੀ ਹੈ, ਜੋ ਡਾਊਨਟਾਊਨ ਬ੍ਰੈਂਪਟਨ ਵਿੱਚ ਆਰਥਿਕ ਸੰਭਾਵਨਾ ਖੋਲ੍ਹਣ ਵਿੱਚ ਮਦਦ ਕਰੇਗੀ।

ਇਸ ਮਹੀਨੇ ਦੇ ਸ਼ੁਰੂ ਵਿੱਚ, ਡਾਊਨਟਾਊਨ ਬ੍ਰੈਂਪਟਨ ਫਲੱਡ ਪ੍ਰੋਟੈਕਸ਼ਨ ਐਨਵਾਇਰਨਮੈਂਟਲ ਅਸੈਸਮੈਂਟ (Downtown Brampton Flood Protection Environmental Assessment) ਨੂੰ ਮਨਜ਼ੂਰੀ ਦਿੱਤੀ ਗਈ ਸੀ। ਹੁਣ ਸਿਟੀ, ਸਰਕਾਰੀ ਫੰਡਿੰਗ ਦੇ ਆਧਾਰ ਤੇ, ਏਟੋਬੀਕੋ ਕ੍ਰੀਕ (Etobicoke Creek) ਤੋਂ ਡਾਊਨਟਾਊਨ ਬ੍ਰੈਂਪਟਨ ਤੱਕ ਚੌੜਾਈ ਵਧਾਉਣ ਲਈ, ਵਿਸਤ੍ਰਿਤ ਇੰਜੀਨੀਅਰਿੰਗ ਡਿਜ਼ਾਈਨ ਦੇ ਨਾਲ ਅੱਗੇ ਵਧ ਸਕਦੀ ਹੈ। ਇੰਜੀਨੀਅਰਿੰਗ ਡਿਜ਼ਾਈਨ, ਖੇਤਰ ਵਿੱਚ ਹੜ੍ਹ ਦੇ ਮੌਜੂਦਾ ਜੋਖਮ ਨੂੰ ਘਟਾਵੇਗਾ ਅਤੇ ਰਿਵਰਵਾਕ ਨੂੰ ਅਮਲੀ ਰੂਪ ਦੇਣ ਲਈ ਅਧਾਰ ਪ੍ਰਦਾਨ ਕਰੇਗਾ।

ਰਿਵਰਵਾਕ ਪ੍ਰੋਜੈਕਟ, ਬ੍ਰੈਂਪਟਨ ਡਾਊਨਟਾਊਨ ਨੂੰ ਦੁਬਾਰਾ ਸ਼ਕਤੀਸ਼ਾਲੀ ਬਣਾਉਣ ਅਤੇ ਇਸਨੂੰ ਸਥਿਰ, ਸਿਹਤਮੰਦ ਅਤੇ ਲਚਕੀਲਾ ਬਣਾਉਣ ਵਿੱਚ ਮਦਦ ਕਰੇਗਾ। ਰਿਵਰਵਾਕ ਦਾ ਮੁੱਖ ਉਦੇਸ਼, ਡਾਊਨਟਾਊਨ ਬ੍ਰੈਂਪਟਨ ਵਿੱਚ ਹੜ੍ਹ ਦੇ ਜੋਖਮ ਨੂੰ ਦੂਰ ਕਰਨ ਲਈ, ਨਵੀਨਤਾਕਾਰੀ ਅਤੇ ਲੰਮੀ-ਮਿਆਦ ਦਾ ਹੱਲ ਤਿਆਰ ਕਰਕੇ, ਸ਼ਹਿਰੀ ਵਾਧਾ ਅਤੇ ਵਿਕਾਸ ਪੈਦਾ ਕਰਨਾ, ਨਿਵੇਸ਼ ਨੂੰ ਆਕਰਸ਼ਿਤ ਕਰਨਾ ਅਤੇ ਖੇਤਰ ਵਿੱਚ ਪਬਲਿਕ ਥਾਂ ਦਾ ਵਿਸਤਾਰ ਅਤੇ ਸੁਧਾਰ ਕਰਨਾ ਹੈ।

**ਰਿਵਰਵਾਕ ਬਾਰੇ**

ਡਾਊਨਟਾਊਨ ਬ੍ਰੈਂਪਟਨ, ਏਟੋਬੀਕੋ ਕ੍ਰੀਕ ਦੀ ਹੜ੍ਹ ਤੋਂ ਪ੍ਰਭਾਵਿਤ ਹੋਣ ਵਾਲੀ ਜ਼ਮੀਨ ਦੇ ਅੰਦਰ ਸਥਿਤ ਹੈ। ਖਤਰੇ ਸਬੰਧੀ ਪ੍ਰਬੰਧਨ ਲਈ ਸੂਬੇ ਦੀਆਂ ਨੀਤੀਆਂ ਨੇ ਹੁਣ ਤੱਕ, ਵਿਕਾਸ ਦੇ ਪ੍ਰਕਾਰ ਅਤੇ ਮਾਤਰਾ ਨੂੰ ਸੀਮਿਤ ਕੀਤਾ ਹੈ, ਜੋ ਅੱਜ ਉੱਥੇ ਹੋ ਸਕਦਾ ਹੈ। ਰਿਵਰਵਾਕ, ਹੜ੍ਹ ਦੇ ਜੋਖਮਾਂ ਨੂੰ ਦੂਰ ਕਰਨ ਅਤੇ ਇੱਕ ਨਵੀਂ, ਖੁੱਲੀ ਸ਼ਹਿਰੀ ਥਾਂ ਬਣਾਉਣ ਲਈ ਦੋ-ਭਾਗਾਂ ਵਾਲਾ ਹੱਲ ਹੈ। ਇਹ ਬ੍ਰੈਂਪਟਨ ਦੇ ਡਾਊਨਟਾਊਨ ਨੂੰ ਦੁਬਾਰਾ ਸ਼ਕਤੀਸ਼ਾਲੀ ਬਣਾਉਣ ਅਤੇ ਇਸਨੂੰ ਸਥਿਰ, ਸਿਹਤਮੰਦ ਅਤੇ ਲਚਕੀਲਾ ਬਣਾਉਣ ਵਿੱਚ ਮਦਦ ਕਰੇਗਾ।

ਡਾਊਨਟਾਊਨ ਬ੍ਰੈਂਪਟਨ ਵਿੱਚ, ਹੜ੍ਹ ਦੇ ਮੌਜੂਦਾ ਜੋਖਮ ਨੂੰ ਦੂਰ ਕਰਨ ਅਤੇ ਯੋਜਨਾਬੰਦੀ ਅਤੇ ਵਿਕਾਸ ਤੇ ਪਾਬੰਦੀਆਂ ਲਗਾਉਣ ਨਾਲ, ਰਿਵਰਵਾਕ, ਦੁਬਾਰਾ ਬਣਾਏ ਗਏ ਏਟੋਬੀਕੋ ਕ੍ਰੀਕ ਤੋਂ ਲੈ ਕੇ ਖੇਤਰ ਤੱਕ ਵਿਸਤਾਰ ਕਰਦਾ ਹੈ। ਇਹ ਖੇਤਰ ਏਟੀਬੀਕੋ ਕ੍ਰੀਕ ਵੈਲੀ ਕੋਰੀਡੋਰ ਅਤੇ ਟ੍ਰੇਲ ਸਿਸਟਮ ਨਾਲ ਜੁੜੀਆਂ, ਪਬਲਿਕ ਥਾਵਾਂ ਅਤੇ ਪਾਰਕਾਂ ਨਾਲ ਘਿਰਿਆ ਹੋਇਆ ਹੈ। ਇਸ ਨਾਲ ਡਾਊਨਟਾਊਨ ਵਿੱਚ, 23,000 ਤੋਂ ਵੱਧ ਨੌਕਰੀਆਂ ਪੈਦਾ ਕਰਦੇ ਹੋਏ ਅਤੇ ਜੀ.ਡੀ.ਪੀ. (GDP) ਤੇ $1.4 ਬਿਲੀਅਨ ਦਾ ਅਸਰ ਪਾਉਂਦੇ ਹੋਏ, 3.6 ਮਿਲੀਅਨ ਵਰਗ ਫੁੱਟ ਦੀ ਰਿਹਾਇਸ਼ੀ, ਕਮਰਸ਼ਿਅਲ ਅਤੇ ਰਿਟੇਲ ਥਾਂ ਖੁੱਲਣ ਦੀ ਸੰਭਾਵਨਾ ਹੈ।

ਆਉਣ ਵਾਲੇ ਮਹੀਨਿਆਂ ਵਿੱਚ, ਨਿਵਾਸੀਆਂ ਕੋਲ, ਪ੍ਰੋਜੈਕਟ ਬਾਰੇ ਆਪਣੇ ਸੁਝਾਅ ਦੇਣ ਦਾ ਮੌਕਾ ਹੋਵੇਗਾ।

ਰਿਵਰਵਾਕ ਬਾਰੇ ਹੋਰ ਜਾਣਕਾਰੀ ਲਈ, www.brampton.ca/riverwalk ਤੇ ਜਾਓ।

**ਹਵਾਲੇ**

"ਗ੍ਰੀਨ ਸਿਟੀ ਹੋਣ ਵਜੋਂ, ਜੋ ਮਜ਼ਬੂਤ, ਲਚਕੀਲਾ ਅਤੇ ਸਥਿਰ ਹੋਵੇ, ਡਾਊਨਟਾਊਨ ਬ੍ਰੈਂਪਟਨ ਦੀ ਸਮਰੱਥਾ ਨੂੰ ਖੋਲ੍ਹਣਾ, ਕਾਉਂਸਿਲ ਦੀ ਮੁੱਖ ਤਰਜੀਹ ਹੈ। ਰਿਵਰਵਾਕ ਇੱਕ ਪਰਿਵਰਤਨਕਾਰੀ ਪ੍ਰੋਜੈਕਟ ਹੈ, ਜੋ ਇਹਨਾਂ ਦੋਵੇਂ ਉਦੇਸ਼ਾਂ ਵਿੱਚ ਸਹਿਯੋਗ ਕਰਨ ਵਿੱਚ ਸਾਡੀ ਮਦਦ ਕਰੇਗਾ। ਨਾਲ ਹੀ, ਇਹ ਹੜ੍ਹ ਦੇ ਜੋਖਮ

ਨੂੰ ਦੂਰ ਕਰਨ ਦੇ ਆਪਣੇ ਨਵੀਨਤਾਕਾਰੀ ਅਤੇ ਅਸਰਦਾਰ ਹੱਲ ਲਈ, ਵਿਕਾਸ ਅਤੇ ਨੌਕਰੀਆਂ ਪੈਦਾ ਕਰਨ ਅਤੇ ਸਾਰਿਆਂ ਦੇ ਅਨੰਦ ਮਾਨਣ ਵਾਸਤੇ ਪਬਲਿਕ ਥਾਂ ਵਿੱਚ ਸੁਧਾਰ ਕਰਨ ਲਈ, ਬ੍ਰੈਂਪਟਨ ਨੂੰ ਪ੍ਰਸਿੱਧੀ ਦੇਵੇਗਾ।”

*- ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

“ਬ੍ਰੈਂਪਟਨ ਮੌਕਿਆਂ ਦਾ ਸ਼ਹਿਰ ਹੈ, ਜੋ ਜੋਸ਼ੀਲੇ ਅਤੇ ਵਿਕਾਸਸ਼ੀਲ ਡਾਊਨਟਾਊਨ ਦੇ ਨਾਲ, ਰਚਨਤਾਮਕ, ਨਵੀਨਤਾਕਾਰੀ ਅਤੇ ਐਂਟਰਪ੍ਰੀਨੀਅਰ ਸਬੰਧੀ ਵਾਤਾਵਰਣ ਦੀ ਹਿਮਾਇਤ ਕਰਦਾ ਹੈ। ਕਿਉਂਕਿ ਸਿਟੀ ਰਿਵਰਵਾਕ ਬਣਾਉਣ ਵੱਲ ਅੱਗੇ ਵਧ ਰਹੀ ਹੈ, ਅਸੀਂ ਹੋਰ ਨੌਕਰੀਆਂ ਅਤੇ ਥਾਵਾਂ ਦੇ ਵੱਲ ਦੂਜਾ ਕਦਮ ਵਧਾ ਰਹੇ ਹਾਂ, ਜਿਸਦਾ ਨਿਵਾਸੀ ਆਉਣ ਵਾਲੇ ਸਾਲਾਂ ਵਿੱਚ ਅਨੰਦ ਮਾਣ ਸਕਣ।”

*- ਪਾੱਲ ਵਿਸੇਂਟ (Paul Vicente), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5, ਚੇਅਰ, ਪਬਲਿਕ ਵਰਕਸ ਐਂਡ ਇੰਜੀਨੀਅਰਿੰਗ, ਸਿਟੀ ਆਫ ਬ੍ਰੈਂਪਟਨ*

“ਰਿਵਰਵਾਕ ਪ੍ਰੋਜੈਕਟ ਨਾ ਸਿਰਫ਼ ਡਾਊਨਟਾਊਨ ਬ੍ਰੈਂਪਟਨ ਵਿੱਚ ਹੜ੍ਹ ਦੇ ਜੋਖਮ ਨੂੰ ਘਟਾਵੇਗਾ, ਬਲਕਿ ਇਹ ਸ਼ਹਿਰੀ ਵਾਧਾ ਅਤੇ ਵਿਕਾਸ ਪੈਦਾ ਕਰਕੇ ਅਤੇ ਖੇਤਰ ਵਿੱਚ ਨਿਵੇਸ਼ ਨੂੰ ਆਕਰਸ਼ਿਤ ਕਰਕੇ, ਮੌਕਿਆਂ ਦਾ ਸ਼ਹਿਰ ਬਣਨ ਦੀ ਸਾਡੀ ਤਰਜੀਹ ਨੂੰ ਅਮਲੀ ਰੂਪ ਦੇਣ ਵਿੱਚ, ਸਾਡੀ ਮਦਦ ਕਰਨ ਵਿੱਚ ਮੁੱਖ ਭੂਮਿਕਾ ਨਿਭਾਵੇਗਾ। ਇਹ ਪਰਿਵਰਤਨਕਾਰੀ ਪਹਿਲਕਦਮੀ ਯਕੀਨੀ ਬਣਾਵੇਗੀ ਕਿ ਬ੍ਰੈਂਪਟਨ, ਇੱਥੇ ਰਹਿਣ ਅਤੇ ਆਉਣ ਵਾਲੇ, ਸਾਰੇ ਲੋਕਾਂ ਵਾਸਤੇ ਸਥਿਰ, ਸਿਹਤਮੰਦ, ਲਚਕੀਲੀ ਅਤੇ ਅਨੰਦ ਮਾਨਣ ਵਾਲੀ ਥਾਂ ਹੈ।”

*- ਪੈਟ ਫੋਰਟਿਨੀ (Pat Fortini), ਰੀਜਨਲ ਕਾਉਂਸਲਰ, ਵਾਰਡਸ 7 ਅਤੇ 8, ਵਾਈਸ ਚੇਅਰ, ਪਬਲਿਕ ਵਰਕਸ ਐਂਡ ਇੰਜੀਨੀਅਰਿੰਗ, ਸਿਟੀ ਆਫ ਬ੍ਰੈਂਪਟਨ*

“ਰਿਵਰਵਾਕ, ਬ੍ਰੈਂਪਟਨ ਲਈ ਇੱਕ ਰੋਮਾਂਚਕ ਪਹਿਲਕਦਮੀ ਹੈ, ਜੋ ਕਾਫੀ ਹੱਦ ਤੱਕ ਟਰਮ ਆਫ ਕਾਉਂਸਿਲ ਪ੍ਰਿਓਰਟੀਜ ਦੇ ਮੁਤਾਬਿਕ ਹੈ। ਸਟਾਫ਼, ਡਾਊਨਟਾਊਨ ਨੂੰ ਮੁੜ ਸ਼ਕਤੀਸ਼ਾਲੀ ਬਣਾਉਣ, ਸਾਡੇ ਨਿਵਾਸੀਆਂ ਲਈ ਸੰਪੂਰਨ, ਸਥਿਰ ਭਾਈਚਾਰੇ ਬਣਾਉਣ ਅਤੇ ਨਵੀਨਤਾ ਵਿੱਚ ਗਲੋਬਲ ਲੀਡਰ ਬਣਨ ਵਿੱਚ ਸਹਿਯੋਗ ਕਰਨ ਲਈ, ਰਿਵਰਵਾਕ ਪ੍ਰੋਜੈਕਟ ਨੂੰ ਅੱਗੇ ਵਧਾਉਣਾ ਜਾਰੀ ਰੱਖਣ ਲਈ ਵਚਨਬੱਧ ਹੈ।”

*- ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca